# ਸਮਾਨਤਾ ਅਤੇ ਵਿਭਿੰਨਤਾ ਸਬੰਧੀ ਨੀਤੀ

ਸਾਡੀ ਹਰ ਵਿਅਕਤੀ ਨੂੰ ਸ਼ਾਮਲ ਕਰਨ ਸਬੰਧੀ ਨੀਤੀ – ਭਾਵੇਂ ਉਹਨਾਂ ਦਾ ਧਰਮ, ਜਾਤ, ਸੱਭਿਆਚਾਰ, ਰਾਸ਼ਟਰੀਅਤਾ ਜਾਂ ਲਿੰਗ ਨਿਰਧਾਰਨ ਕੁਝ ਵੀ ਹੋਵੇ

*ਪ੍ਰਕਾਸ਼ਿਤ: ਜੁਲਾਈ 2024*

ਅਸੀਂ ਸਮਾਨਤਾ ਵਾਲੀ ਦੁਨੀਆਂ ਦਾ ਨਿਰਮਾਣ ਕਰਨਾ ਚਾਹੁੰਦੇ ਹਾਂ ਜਿੱਥੇ ਸਾਰੀਆਂ ਕੁੜੀਆਂ ਸਕਾਰਾਤਮਕ ਅੰਤਰ ਲਿਆ ਸਕਣ, ਖ਼ੁਸ਼ ਅਤੇ ਸੁਰੱਖਿਅਤ ਰਹਿ ਸਕਣ, ਅਤੇ ਆਪਣੀ ਪੂਰੀ ਸਮਰੱਥਾ ਅਨੁਸਾਰ ਕੰਮ ਕਰ ਸਕਣ।

ਅਸੀਂ ਚਾਹੁੰਦੇ ਹਾਂ ਕਿ Girlguiding ਵਿੱਚ ਸ਼ਾਮਲ ਹਰ ਵਿਅਕਤੀ ਦਾ ਸ਼ਾਨਦਾਰ ਅਨੁਭਵ ਹੋਵੇ, ਭਾਵੇਂ ਉਹ ਕੋਈ ਵੀ ਹੋਵੇ ਅਤੇ ਭਾਵੇਂ ਉਹ ਕਿਸੇ ਵੀ ਥਾਂ ਤੋਂ ਆਇਆ ਹੋਵੇ।

ਸਾਡੀ ਵਿਭਿੰਨਤਾ ਅਤੇ ਸ਼ਮੂਲੀਅਤ ਲਈ ਲਾਲਸਾ, ਸਾਡੇ ਹੁਣ ਤਕ ਦੇ ਸਫਰ ਅਤੇ ਸਾਡੀਆਂ ਯੋਜਨਾਵਾਂ ਬਾਰੇ ਜ਼ਿਆਦਾ ਜਾਣਕਾਰੀ ਲਓ।

ਸਾਰੇ ਸਵੈਸੇਵਕਾਂ ਅਤੇ ਸਾਰੇ ਕਰਮਚਾਰੀਆਂ ਲਈ ਇਸ ਨੀਤੀ ਦਾ ਪਾਲਣ ਕਰਨਾ ਲਾਜ਼ਮੀ ਹੈ।

## ਇਸ ਨੀਤੀ ਵਿੱਚ ਵਰਤੀਆਂ ਪਰਿਭਾਸ਼ਾਵਾਂ

**ਵਿਸ਼ੇਸ਼-ਗੁਣ** –ਕਿਸੇ ਵਿਅਕਤੀ ਦੀ ਪਛਾਣ ਦੇ ਹਿੱਸੇ। ਸਮਾਨਤਾ ਅਧਿਨਿਯਮ 2010 ਕਿਸੇ ਵਿਅਕਤੀ ਦੇ ਵਿਸ਼ੇਸ਼-ਗੁਣਾਂ ਕਾਰਨ ਉਸਦੇ ਨਾਲ ਪੱਖਪਾਤ ਕਰਨਾ ਗੈਰ-ਕਾਨੂੰਨੀ ਬਣਾਉਂਦਾ ਹੈ। ਇਹਨਾਂ ਨੂੰ ਰੱਖਿਅਤ ਵਿਸ਼ੇਸ਼-ਗੁਣਾਂ ਵਜੋਂ ਜਾਣਿਆ ਜਾਂਦਾ ਹੈ।

**ਪਛਾਣ** – ਲੋਕ ਆਪਣੇ-ਆਪ ਅਤੇ ਹੋਰਾਂ ਨੂੰ ਕਿਵੇਂ ਦੇਖਦੇ ਹਨ ਅਤੇ ਉਹਨਾਂ ਬਾਰੇ ਕਿਵੇਂ ਸੋਚਦੇ ਹਨ। ਲੋਕ ਅਕਸਰ ਪਛਾਣ ਦਾ ਵਖਾਣ ਕਰਨ ਲਈ, ਲਿੰਗ ਜਾਤ ਜਾਂ ਲਿੰਗਕ ਜਾਣਕਾਰੀ ਜਿਹੇ ਵਿਸ਼ੇਸ਼-ਗੁਣਾਂ ਦੀ ਵਰਤੋਂ ਕਰਦੇ ਹਨ।

**ਵਿਭਿੰਨਤਾ** – ਇਹ ਯਕੀਨੀ ਬਣਾਉਣਾ ਕਿ ਬਹੁਤ ਸਾਰੇ ਵੱਖ-ਵੱਖ ਵਿਸ਼ੇਸ਼-ਗੁਣਾਂ, ਪਿਛੋਕੜ, ਪਛਾਣ ਅਤੇ ਹਾਲਾਤ ਵਾਲੇ ਲੋਕਾਂ ਦੀ ਪ੍ਰਤੀਨਿਧਤਾ ਕੀਤੀ ਜਾਂਦੀ ਹੈ।

**ਸਮਾਨਤਾ** – ਹਰ ਵਿਅਕਤੀ ਨੂੰ ਸਮਾਨ ਸੰਸਾਧਨ ਜਾਂ ਮੌਕੇ ਦੇਣਾ।

**ਨਿਰਪੱਖਤਾ –** ਕਿਸੇ ਵਿਅਕਤੀ ਨਾਲ ਨਿਰਪੱਖ ਢੰਗ ਨਾਲ ਵਿਵਹਾਰ ਕਰਨਾ, ਇਹ ਸੋਚ-ਵਿਚਾਰ ਕਰਕੇ ਕਿ ਉਹਨਾਂ ਨੂੰ ਹੋਰ ਲੋਕਾਂ ਵਾਂਗ ਸਮਾਨ ਮੌਕੇ ਪ੍ਰਾਪਤ ਕਰਨ ਲਈ ਨਿੱਜੀ ਤੌਰ ‘ਤੇ ਕੀ ਚਾਹੀਦਾ ਹੈ। ਹਰ ਵਿਅਕਤੀ ਦੇ ਵੱਖਰੇ ਹਾਲਾਤ ਹੁੰਦੇ ਹਨ। ਇਸਦਾ ਮਤਲਬ ਹੈ ਕਿ ਸਾਨੂੰ ਕਈ ਵਾਰ ਲੋਕਾਂ ਨੂੰ ਸਮਾਨ ਮੌਕੇ ਦੇਣ ਲਈ ਉਹਨਾਂ ਨਾਲ ਵੱਖਰੇ ਢੰਗ ਨਾਲ ਵਿਵਵਾਰ ਕਰਨ ਦੀ ਲੋੜ ਹੁੰਦੀ ਹੈ।

**ਸ਼ਮੂਲੀਅਤ** – ਇਹ ਯਕੀਨੀ ਬਣਾਉਣਾ ਕਿ ਹਰ ਵਿਅਕਤੀ ਸੁਆਗਤ, ਸਵੀਕਾਰ ਕੀਤਾ ਜਾਂਦਾ ਅਤੇ ਆਪਣੀ ਕਦਰ ਮਹਿਸੂਸ ਕਰਦਾ ਹੈ।

**ਕਰਮਚਾਰੀ** – The Guide Association ਦੁਆਰਾ ਨਿਯੁਕਤ ਕੀਤਾ ਕੋਈ ਵਿਅਕਤੀ ਭਾਵੇਂ ਪੱਕਾ, ਨਿਸ਼ਚਿਤ ਮਿਆਦ ਲਈ ਜਾਂ ਅਨੁਬੰਧ ਅਨੁਸਾਰ ਕੰਮ ਕਰਦਾ ਹੋਵੇ।

**ਸਵੈਸੇਵਕ –** ਸਾਰੇ ਵਿਅਕਤੀ ਜੋ Girlguiding ਨੂੰ ਆਪਣਾ ਸਮਾਂ ਮੁਫ਼ਤ ਵਿੱਚ ਦਿੰਦੇ ਹਨ।

## ਨੀਤੀ ਦਾ ਕਥਨ

ਅਸੀਂ ਸਾਰੀਆਂ ਕੁੜੀਆਂ ਅਤੇ ਨੌਜਵਾਨ ਔਰਤਾਂ ਦਾ ਸਾਥ ਦੇਣ ਲਈ ਮੌਜੂਦ ਹਾਂ, ਅਤੇ ਉਹਨਾਂ ਦੇ ਵਿਕਾਸ ਅਤੇ ਉਹਨਾਂ ਦੀ ਸਮਰੱਥਾ ਅਨੁਸਾਰ ਕੰਮ ਕਰਨ ਵਿੱਚ ਮਦਦ ਕਰਦੇ ਹਾਂ। ਇਸ ਦਾ ਇੱਕ ਵੱਡਾ ਹਿੱਸਾ ਇਹ ਯਕੀਨੀ ਬਣਾਉਣਾ ਹੈ ਕਿ ਅਸੀਂ ਹਰ ਵਿਅਕਤੀ ਨੂੰ ਸ਼ਾਮਲ ਕਰੀਏ। ਅਸੀਂ ਵੱਖ-ਵੱਖ ਅਨੁਭਵਾਂ ਅਤੇ ਵਿਸ਼ੇਸ਼-ਗੁਣਾਂ ਦੀ ਕਦਰ ਕਰਦੇ ਹਾਂ ਅਤੇ ਇਸਦਾ ਸਨਮਾਨ ਕਰਦੇ ਹਾਂ। ਅਸੀਂ ਚਾਹੁੰਦੇ ਹਾਂ ਕਿ ਹਰ ਕੁੜੀ ਨੂੰ ਸ਼ਾਨਦਾਰ ਕੰਮ ਕਰਨ ਦਾ ਮੌਕਾ ਮਿਲੇ, ਭਾਵੇਂ ਉਹ ਕੋਈ ਵੀ ਹੋਵੇ ਅਤੇ ਭਾਵੇਂ ਉਹ ਕਿਤੋਂ ਵੀ ਆਈ ਹੋਵੇ।

ਸਮਾਨਤਾ, ਵਿਭਿੰਨਤਾ ਅਤੇ ਸ਼ਮੂਲੀਅਤ ਪ੍ਰਤੀ ਸਾਡਾ ਇਹ ਇਕਰਾਰ ਅਜਿਹੀ ਥਾਂ ਬਣਨ ਦਾ ਹੈ ਜਿੱਥੇ ਹਰ ਵਿਅਕਤੀ ਦਾ ਸੁਆਗਤ ਹੁੰਦਾ ਹੈ, ਉਹ ਆਪਣੀ ਸ਼ਖਸੀਅਤ ਨੂੰ ਖੁੱਲ ਕੇ ਦਿਖਾਉਂਦਾ ਹੈ, ਅਤੇ ਉਹ ਸਮਾਨ ਦਰਜੇ ਦਾ ਅਪਨਾਪਣ ਮਹਿਸੂਸ ਕਰਦਾ ਹੈ।

ਨਿਰਪੱਖਤਾ ਸਾਡੇ ਇਸ ਦ੍ਰਿਸ਼ਟੀਕੋਣ ਲਈ ਵਾਕਈ ਮਹੱਤਵਪੂਰਨ ਹੈ। ਇਸਦਾ ਮਤਲਬ ਇਹ ਪਛਾਣ ਕਰਨਾ ਹੈ ਕਿ ਹਰ ਵਿਅਕਤੀ ਵੱਖਰਾ ਹੈ -- ਇਸਲਈ, ਲੋਕਾਂ ਨੂੰ ਸਮਾਨ ਮੌਕੇ ਦੇਣ ਦਾ ਕਈ ਵਾਰ ਇਹ ਮਤਲਬ ਹੋਵੇਗਾ ਕਿ ਉਹਨਾਂ ਨਾਲ ਵੱਖਰੇ ਢੰਗ ਨਾਲ ਵਿਵਹਾਰ ਕੀਤਾ ਜਾ ਰਿਹਾ ਹੈ। ਅਸੀਂ ਉਮੀਦ ਕਰਦੇ ਹਾਂ ਕਿ Girlguiding ਵਿੱਚ ਹਰ ਕਿਸੇ ਵਿਅਕਤੀ ਨਾਲ ਨਿਰਪੱਖਤਾ ਨਾਲ ਵਿਵਹਾਰ ਕੀਤਾ ਜਾਵੇ, ਅਤੇ ਉਹ ਦੂਜਿਆਂ ਨਾਲ ਨਿਰਪੱਖਤਾ ਨਾਲ ਵਿਵਹਾਰ ਕਰੇ, ਅਤੇ ਨਿਰਪੱਖਤਾ ਨੂੰ ਦਿਮਾਗ਼ ਵਿੱਚ ਰੱਖੇ।

ਉਦਾਹਰਣ ਲਈ, ਖਰਾਬ ਨਜ਼ਰ ਨਾਲ ਪੀੜਤ ਕਿਸੇ ਸਵੈਸੇਵਕ ਲਈ ਸਿਖਲਾਈ ਦਸਤਾਵੇਜ਼ ਨੂੰ ਵੱਡੇ ਪ੍ਰਿੰਟ ਵਿੱਚ ਪ੍ਰਦਾਨ ਕਰਕੇ, ਤੁਸੀਂ ਉਸ ਸਵੈਸੇਵਕ ਨੂੰ ਮੌਕਿਆਂ ਤਕ ਬਰਾਬਰ ਅਤੇ ਨਿਰਪੱਖ ਪਹੁੰਚ ਦੇ ਕੇ ਉਸਦੇ ਨਾਲ ਵੱਖਰੇ ਢੰਗ ਨਾਲ ਵਿਵਹਾਰ ਕਰ ਰਹੇ ਹੋ।

ਸਾਡੇ ਸਾਰੇ ਸਵੈਸੇਵਕਾਂ ਨੂੰ ਸਾਡੀ including all (ਸਾਰਿਆਂ ਸਮੇਤ) ਸਿਖਲਾਈ ਤਕ ਪਹੁੰਚ ਪ੍ਰਾਪਤ ਹੋ ਸਕਦੀ ਹੈ। ਇਸ ਨਾਲ ਉਹਨਾਂ ਨੂੰ Girlguiding ਨੂੰ ਜ਼ਿਆਦਾ ਸੁਆਗਤੀ ਅਤੇ ਸਮਾਵੇਸ਼ੀ ਸਥਾਨ ਬਣਾਉਣ ਲਈ ਛੋਟੇ-ਛੋਟੇ ਕੰਮ ਕਰਨ ਦੀ ਵਿਹਾਰਕ ਸਲਾਹ ਦਿੰਦੀ ਹੈ ਜੋ ਵੱਡਾ ਫ਼ਰਕ ਪੈਦਾ ਕਰਦੇ ਹਨ।

## ਸਾਡੀਆਂ ਅਪੇਖਿਆਵਾਂ

ਅਸੀਂ Girlguiding ਵਿੱਚ ਹਰ ਵਿਅਕਤੀ ਤੋਂ ਹੇਠ ਲਿਖਿਆ ਕਰਨ ਦੀ ਉਮੀਦ ਕਰਦੇ ਹਾਂ:

- Girlguiding ਵਿੱਚ ਹਰ ਵਿਅਕਤੀ ਦੇ ਨਾਲ ਇੱਜ਼ਤ ਅਤੇ ਸਨਮਾਨ ਨਾਲ ਵਿਵਹਾਰ ਕਰੋ
- ਇਸ ਨੀਤੀ ਦੁਆਰਾ ਰੱਖਿਅਤ ਕੀਤੇ ਕਿਸੇ ਵਿਸ਼ੇਸ਼-ਗੁਣਾਂ ਦੇ ਆਧਾਰ ਉੱਤੇ ਕਦੇ ਵੀ ਕਿਸੇ ਨਾਲ ਭੇਦਭਾਵ ਨਾ ਕਰੋ।
- Girlguiding ਵਿਖੇ ਹਰ ਉਸ ਵਿਅਕਤੀ ਲਈ ਅਨੁਕੂਲ, ਸਨੇਹੀ ਮਾਹੌਲ ਪ੍ਰਦਾਨ ਕਰੋ ਜਿਸਦਾ ਤੁਸੀਂ ਮਾਰਗ-ਦਰਸ਼ਨ ਕਰਦੇ ਹੋ ਜਾਂ ਜਿਸਦੇ ਨਾਲ ਕੰਮ ਕਰਦੇ ਹੋ।
- ਫ਼ਰਕ ਦੀ ਪਛਾਣ ਕਰਕੇ ਅਤੇ ਜਿੱਥੇ ਢੁੱਕਵਾਂ ਹੋਵੇ, ਮੁਨਾਸਬ ਸਮਾਯੋਜਨ ਕਰਕੇ Girlguiding 'ਤੇ ਸਾਰਿਆਂ ਲਈ ਇੱਕ ਸੁਆਗਤੀ ਅਤੇ ਸ਼ਮੂਲੀਅਤ ਵਾਲਾ ਮਾਹੌਲ ਪੈਦਾ ਕਰੋ।
- ਕਾਰਜਵਿਧੀ ਦੇ ਅਨੁਸਾਰ, ਨੀਤੀ ਵਿੱਚ ਉਲੰਘਣ ਦੀ ਪਛਾਣ ਕਰੋ ਅਤੇ ਇਸ ਲਈ ਪ੍ਰਤੀਕਿਰਿਆ ਕਰੋ।

## ਵਿਸ਼ੇਸ਼-ਗੁਣ ਜਿਹਨਾਂ ਦੀ ਇਸ ਨੀਤੀ ਵਿੱਚ ਰੱਖਿਆ ਕੀਤੀ ਜਾਂਦੀ ਹੈ

- **ਉਮਰ (18+)** ਜੇ ਕਿਸੇ ਸਵੈਸੇਵਕ ਕੋਲ ਕਿਸੇ ਭੂਮਿਕਾ ਲਈ ਸਹੀ ਗੁਣ ਅਤੇ ਯੋਗਤਾਵਾਂ ਹਨ, ਤਾਂ ਉਹਨਾਂ ਨੂੰ ਉਹਨਾਂ ਦੀ ਉਮਰ ਦੇ ਕਾਰਨ ਅਣਦੇਖਾ ਨਹੀਂ ਕੀਤਾ ਜਾਣਾ ਚਾਹੀਦਾ। ਤੁਹਾਨੂੰ ਇਸ ਬਾਰੇ ਜ਼ਿਆਦਾ ਜਾਣਕਾਰੀ ਸਾਡੀ ਵਾਲੰਟੀਅਰ ਭਰਤੀ ਅਤੇ ਪੁਨਰ-ਜਾਂਚ ਨੀਤੀ ਵਿੱਚ ਅਤੇ ਸਾਡੇ ਯੂਨਿਟ ਮਾਰਗਦਰਸ਼ਨ ਅਤੇ ਸੈਕਸ਼ਨਾਂ ਦੇ ਵੈਬਪੇਜ ਉੱਤੇ ਮਿਲ ਸਕਦੀ ਹੈ।
- **ਦੇਖਭਾਲ ਕਰਨ ਸਬੰਧੀ ਜ਼ਿੰਮੇਵਾਰੀਆਂ।** ਕਿਸੇ ਵਿਅਕਤੀ ਨਾਲ ਇਸ ਕਰਕੇ ਭੇਦਭਾਵ ਨਹੀਂ ਕੀਤਾ ਜਾਣਾ ਚਾਹੀਦਾ ਕਿਉਂਕਿ ਉਹਨਾਂ ਦੀਆਂ ਦੇਖਭਾਲ ਕਰਨ ਸਬੰਧੀ ਜ਼ਿੰਮੇਵਾਰੀਆਂ ਹਨ, ਜਿਸ ਵਿੱਚ ਕਿਸੇ ਅਪੰਗ ਵਿਅਕਤੀ, ਬਜ਼ੁਰਗ ਵਿਅਕਤੀ ਜਾਂ ਬੱਚਿਆਂ ਦੀ ਦੇਖਭਾਲ ਕਰਨਾ ਸ਼ਾਮਲ ਹੈ। ਇਸ ਬਾਰੇ ਸਾਡੀ ਸਲਾਹ 'ਤੇ ਨਜ਼ਰ ਮਾਰੋ ਕਿ ਦੇਖਭਾਲਕਰਤਾਵਾਂ ਅਤੇ ਨੌਜਵਾਨ ਦੇਖਭਾਲਕਰਤਾਵਾਂ ਸਮੇਤ ਮਦਦ ਕਿਵੇਂ ਕਰਨੀ ਹੈ।

- **ਦੇਖਭਾਲ ਅਧੀਨ ਬੱਚੇ**। ਨੌਜਵਾਨ ਸਦੱਸਾਂ ਨੂੰ ਇਸ ਕਾਰਨ ਤੋਂ ਭੇਦਭਾਵ ਦਾ ਸ਼ਿਕਾਰ ਨਹੀਂ ਬਣਾਇਆ ਜਾਣਾ ਚਾਹੀਦਾ ਕਿਉਂਕਿ ਉਹ ਕਿਸੇ ਸਥਾਨਕ ਅਧਿਕਰਨ ਦੀ ਦੇਖਭਾਲ ਅਧੀਨ ਹਨ, ਜਾਂ ਰਹਿ ਚੁੱਕੇ ਹਨ। ਇਸ ਬਾਰੇ ਸਾਡੀ ਸਲਾਹ ਪੜ੍ਹੋ ਕਿ ਦੇਖਭਾਲ ਅਧੀਨ ਬੱਚਿਆਂ ਨੂੰ ਕਿਵੇਂ ਸ਼ਾਮਲ ਕਰਨਾ ਹੈ।
- **ਅਪੰਗਤਾ**। ਅਸੀਂ ਅਪੰਗ ਸਵੈਸੇਵਕਾਂ, ਸਦੱਸਾਂ, ਅਤੇ ਕਰਮਚਾਰੀ ਸਦੱਸਾਂ ਦਾ ਸਾਥ ਦੇਖਣ ਲਈ ਮੁਨਾਸਬ ਸਮਾਯੋਜਨ ਕਰਨ ਲਈ ਵਚਨਬੱਧ ਹਾਂ ਤਾਂ ਜੋ ਉਹਨਾਂ ਨੂੰ ਹੋਰ ਲੋਕਾਂ ਵਾਂਗ ਸਮਾਨ ਮੌਕੇ ਅਤੇ ਅਨੁਭਵ ਪ੍ਰਾਪਤ ਹੋ ਸਕਣ। ਸਾਰੇ ਅਪੰਗ ਨੌਜਵਾਨ ਸਦੱਸ ਦੂਜੀਆਂ ਕੁੜੀਆਂ ਵਾਂਗ ਸਮਾਨ ਵਿਆਪਕ ਅਤੇ ਸੰਤੁਲਿਤ ਪ੍ਰੋਗਰਾਮ ਅਤੇ ਅਨੁਭਵਾਂ ਦਾ ਆਨੰਦ ਮਾਣਨ ਦੇ ਯੋਗ ਹੋਣੇ ਚਾਹੀਦੇ ਹਨ। ਸਾਡੇ ਅਪੰਗ ਸਦੱਸਾਂ ਨੂੰ ਸ਼ਾਮਲ ਕਰਨਾ ਵੈਬਪੇਜ ਉੱਤੇ ਜ਼ਿਆਦਾ ਜਾਣਕਾਰੀ ਲਓ।
- **ਲਿੰਗ ਦੀ ਮੁੜ-ਸਪੁਰਦਗੀ**। ਇਹ ਇੱਕ ਰੱਖਿਅਤ ਵਿਸ਼ੇਸ਼-ਗੁਣ ਹੈ ਜੋ ਟ੍ਰਾਂਸ ਲੋਕਾਂ (ਜਿਹੜੇ ਲੋਕਾਂ ਦਾ ਲਿੰਗ ਉਹਨਾਂ ਦੇ ਜਨਮ ਸਮੇਂ ਲਿੰਗ ਨਾਲ ਮੇਲ ਨਹੀਂ ਖਾਂਦਾ ਹੈ) ਦਾ ਹਵਾਲਾ ਦਿੰਦਾ ਹੈ। ਜੇ ਕੋਈ ਵਿਅਕਤੀ ਆਪਣਾ ਲਿੰਗ ਮੁੜ-ਸਪੁਰਦ ਕਰਾਉਣ ਦਾ ਪ੍ਰਸਤਾਵ ਦੇ ਰਿਹਾ ਹੈ, ਅਜਿਹਾ ਕਰਾ ਰਿਹਾ ਹੈ ਜਾਂ ਇਹ ਕਿਰਿਆ ਕਰਾ ਚੁੱਕਾ ਹੈ ਜਾਂ ਇਸ ਕਿਰਿਆ ਦਾ ਕੁਝ ਭਾਗ ਕਰਾ ਚੁੱਕਾ ਹੈ, ਤਾਂ ਉਸ ਕੋਲ ਲਿੰਗ ਦੀ ਮੁੜ-ਸਪੁਰਦਗੀ ਦਾ ਰੱਖਿਅਤ ਵਿਸ਼ੇਸ਼-ਗੁਣ ਹੁੰਦਾ ਹੈ। ਲਿੰਗ ਦੀ ਮੁੜ-ਸਪੁਰਦਗੀ ਇੱਕ ਚਿਕਿਤਸਾ ਕਿਰਿਆ ਨਾਲੋਂ ਇੱਕ ਨਿੱਜੀ ਕਿਰਿਆ ਹੈ। ਸਾਨੂੰ ਟ੍ਰਾਂਸ ਲੋਕਾਂ ਨੂੰ ਸ਼ਾਮਲ ਕਰਨ ਵਾਲੇ ਸੰਗਠਨ ਹੋਣ ਦਾ ਮਾਣ ਹੈ। ਟ੍ਰਾਂਸ ਲੋਕਾਂ ਦਾ ਮਾਰਗ-ਦਰਸ਼ਨ ਕਰਨ ਲਈ ਇਹ ਥਾਂ ਹਮੇਸ਼ਾ ਸਨੇਹੀ ਸੁਆਗਤੀ ਅਤੇ ਸੁਰੱਖਿਅਤ ਥਾਂ ਹੋਵੇਗੀ, ਅਤੇ ਸਾਡੇ ਕੋਲ ਇਸ ਬਾਰੇ ਮਾਰਗ-ਦਰਸ਼ਨ ਹੈ ਕਿ ਸਵੈਸੇਵਕ ਇਹ ਕਿਵੇਂ ਯਕੀਨੀ ਬਣਾ ਸਕਦੇ ਹਨ ਕਿ ਇਹ ਇੱਕ ਸੱਚਾਈ ਹੈ। ਕਿਸੇ ਵੀ ਸਵੈਸੇਵਕ, ਸਦੱਸ ਜਾਂ ਕਰਮਚਾਰੀ ਸਦੱਸ ਨਾਲ ਇਸ ਕਾਰਨ ਤੋਂ ਘੱਟ ਹਿੱਤਕਾਰੀ ਢੰਗ ਨਾਲ ਵਿਵਹਾਰ ਨਹੀਂ ਕੀਤਾ ਜਾਣਾ ਚਾਹੀਦਾ ਕਿ ਉਹ ਟ੍ਰਾਂਸ ਹਨ।
- **ਸ਼ਾਦੀਸ਼ੁਦਾ ਜਾਂ ਸਮਾਜਿਕ ਸਾਂਝਦਾਰੀ ਸਥਿਤੀ**। 16 ਸਾਲ ਤੋਂ ਵੱਡੀ ਉਮਰ ਦੇ ਸਵੈਸੇਵਕਾਂ, ਕਰਮਚਾਰੀਆਂ, ਅਤੇ ਸਦੱਸਾਂ ਨਾਲ ਇਸ ਕਾਰਨ ਤੋਂ ਵੱਖਰੇ ਢੰਗ ਨਾਲ ਵਿਵਹਾਰ ਨਹੀਂ ਕੀਤਾ ਜਾਣਾ ਚਾਹੀਦਾ ਕਿ ਉਹ ਸ਼ਾਦੀਸ਼ੁਦਾ ਹਨ ਜਾਂ ਕਿਸੇ ਸਮਾਜਕ ਸਾਂਝਦਾਰੀ ਵਿੱਚ ਹਨ। ਸਾਡੇ ਸ਼ਾਦੀ ਅਤੇ ਸਮਾਜਕ ਸਾਂਝਦਾਰੀ ਵੈਬਪੇਜ ਉੱਤੇ ਜ਼ਿਆਦਾ ਜਾਣਕਾਰੀ ਪ੍ਰਾਪਤ ਕਰੋ।
- **ਗਰਭਾਵਸਥਾ ਅਤੇ ਜਣੇਪਾ**। ਕਿਸੇ ਵੀ ਸਵੈਸੇਵਕ, ਸਦੱਸ ਜਾ ਕਰਮਚਾਰੀ ਸਦੱਸ ਨਾਲ  ਇਸ ਕਾਰਨ ਤੋਂ ਘੱਟ ਹਿੱਤਕਾਰੀ ਵਿਵਹਾਰ ਨਹੀਂ ਕੀਤਾ ਜਾਣਾ ਚਾਹੀਦਾ ਕਿ ਉਹ ਗਰਭਵਤੀ ਹੈ, ਛਾਤੀ ਦਾ ਦੁੱਧ ਚੁੰਘਾ ਰਹੀ ਹੈ ਜਾਂ ਹਾਲ ਹੀ ਵਿੱਚ ਬੱਚੇ ਨੂੰ ਜਨਮ ਦਿੱਤਾ ਹੈ ਜਿਸਦੀ ਕੋਈ ਠੋਸ ਵਜ੍ਹਾ ਨਹੀਂ ਹੈ (ਜਿਵੇਂ ਕਿ ਸਿਹਤ ਅਤੇ ਸੁਰੱਖਿਆ ਨੂੰ ਜੋਖਮ)। ਇਸਦੀ ਸਮਾਈ ਕਰਨ ਲਈ ਸਾਰੇ ਵਿਹਾਰਕ ਬਦਲਾਵਾਂ ਨੂੰ ਕਰਨਾ ਲਾਜ਼ਮੀ ਹੈ।
- **ਜਾਤ**। ਅਸੀਂ ਜਾਣਦੇ ਹਾਂ ਕਿ ਨਸਲਵਾਦ ਨਾ ਹੋਣਾ ਹੀ ਕਾਫੀ ਨਹੀਂ ਹੈ – ਸਾਨੂੰ ਕ੍ਰਿਆਸ਼ੀਲਤਾ ਨਾਲ ਜਾਤਵਾਦ ਦਾ ਵਿਰੋਧੀ ਹੋਣਾ ਹੈ। ਸਾਨੂੰ ਸਾਰਿਆਂ ਨੂੰ ਕ੍ਰਿਆਸ਼ੀਲਤਾ ਨਾਲ ਨਸਲਵਾਦ ਦੇ ਵਿਰੋਧੀ ਹੋਣ ਅਤੇ ਹੋਰ ਲੋਕਾਂ ਲਈ ਸਮਾਵੇਸ਼ੀ ਅਤੇ ਦੇਖਭਾਲ ਕਰਨ ਵਾਲੇ ਵਿਅਕਤੀ ਬਣਨ ਦੇ ਆਪਣੇ ਅਸੂਲਾਂ ‘ਤੇ ਖਰੇ ਉਤਰਣ ਦੀ ਭੂਮਿਕਾ ਨਿਭਾਉਣੀ ਹੁੰਦੀ ਹੈ। ਜਾਤ ਤੋਂ, ਸਾਡਾ ਮਤਲਬ ਰੰਗ, ਰਾਸ਼ਟਰੀਅਤਾ, ਅਤੇ ਨਸਲੀ ਜਾਂ ਰਾਸ਼ਟਰੀ ਮੂਲ ਤੋਂ ਹੈ
- **ਸ਼ਰਨਾਰਥੀ ਅਤੇ ਪਨਾਹ ਮੰਗਣ ਵਾਲੇ**। Girlguiding ‘ਤੇ ਕਿਸੇ ਵੀ ਵਿਅਕਤੀ ਨਾਲ ਇਸ ਕਰਕੇ ਘੱਟ ਹਿੱਤਕਾਰੀ ਵਿਵਹਾਰ ਨਹੀਂ ਕੀਤਾ ਜਾਣਾ ਚਾਹੀਦਾ ਕਿ ਇਹ ਸ਼ਰਨਾਰਥੀ ਜਾਂ ਪਨਾਹ ਮੰਗਣ ਵਾਲਾ ਵਿਅਕਤੀ ਹੈ। ਸ਼ਰਨਾਰਥੀਆਂ ਅਤੇ ਪਨਾਹ ਮੰਗਣ ਵਾਲਿਆਂ ਦੀ ਸਹਾਇਤਾ ਕਰਨ ਬਾਰੇ ਹੋਰ ਜਾਣਕਾਰੀ ਲਓ।
- **ਧਰਮ ਜਾਂ ਵਿਸ਼ਵਾਸ (ਧਰਮ ਜਾਂ ਵਿਸ਼ਵਾਸ ਦੀ ਗੈਰ-ਹਾਜ਼ਰੀ ਸਮੇਤ)**। Girlguiding ਸਾਰੇ ਧਰਮਾਂ ਅਤੇ ਫ਼ਲਸਫ਼ੇ ਤੇ ਵਿਸ਼ਵਾਸ ਰੱਖਣ ਵਾਲੇ ਲੋਕਾਂ ਲਈ ਖੁੱਲ੍ਹਾ ਹੈ ਅਤੇ ਉਹਨਾਂ ਲਈ ਵੀ ਜਿਹਨਾਂ ਦਾ ਕੋਈ ਧਰਮ ਨਹੀਂ ਹੈ। ਧਾਰਮਿਕ ਜਾਂ ਫ਼ਲਸਫ਼ੇ-ਸਬੰਧੀ ਵਿਸ਼ਵਾਸ ਦੇ ਕਿਸੇ ਵੀ ਪ੍ਰਗਟਾਵੇ ਦਾ Girlguiding ਦੀ ਆਚਾਰ-ਸੰਹਿਤਾ, ਨੀਤੀਆਂ ਅਤੇ ਅਸੂਲਾਂ ਦੇ

ਅਨੁਕੂਲ ਹੋਣਾ ਲਾਜ਼ਮੀ ਹੈ। ਤੁਹਾਨੂੰ ਸਾਡੇ ਧਾਰਮਿਕ ਅੰਤਰਾਂ ਅਤੇ ਮਾਰਗ-ਦਰਸ਼ਕ ਵੈਬਪੇਜ ਉੱਤੇ ਧਰਮ ਬਾਰੇ ਜ਼ਿਆਦਾ ਜਾਣਕਾਰੀ ਮਿਲ ਸਕਦੀ ਹੈ।

- **ਲਿੰਗਕ ਪਛਾਣ**। ਅਸੀਂ ਅੰਤਰਾਂ ਦਾ ਸਨਮਾਨ ਕਰਦੇ ਹਾਂ ਅਤੇ ਮੰਨ੍ਹਦੇ ਹਾਂ ਕਿ ਸਾਰੇ ਸਦੱਸਾਂ, ਸਵੈਸੇਵਕਾਂ ਅਤੇ ਕਰਮਚਾਰੀਆਂ ਨੂੰ ਕਿਸੇ ਭੇਦਭਾਵ ਦੇ ਡਰ ਦੇ ਬਿਨਾਂ, ਆਪਣੇ-ਆਪ 'ਤੇ ਮਾਣ ਹੋਣਾ ਚਾਹੀਦਾ ਹੈ। Girlguiding ਵਿੱਚ ਕਿਸੇ ਵੀ ਵਿਅਕਤੀ ਦੇ ਨਾਲ ਉਸਦੀ ਲਿੰਗਕ ਪਛਾਣ ਦੇ ਆਧਾਰ 'ਤੇ ਘੱਟ ਹਿੱਤਕਾਰੀ ਵਿਵਹਾਰ ਨਹੀਂ ਕੀਤਾ ਜਾਣਾ ਚਾਹੀਦਾ। ਜ਼ਿਆਦਾ ਜਾਣਕਾਰੀ ਲਈ ਲੈਸਬੀਅਨ, ਗੇਅ ਅਤੇ ਬਾਇਸੈਕਸੁਅਲ ਸਦੱਸਾਂ ਦੀ ਸਹਾਇਤਾ ਕਰਨ ਬਾਰੇ ਸਾਡੇ ਮਾਰਗ-ਦਰਸ਼ਨ 'ਤੇ ਇੱਕ ਨਜ਼ਰ ਮਾਰੋ।
- **ਲਿੰਗ, (ਸਿਵਾਏ ਇਸਦੇ ਕਿ ਸਾਡਾ ਸਥਾਨ ਟ੍ਰਾਂਸ-ਸਮਾਵੇਸ਼ੀ, ਸਿਰਫ਼-ਕੁੜੀਆਂ ਲਈ ਹੈ)**। ਸਾਨੂੰ ਵਿਸ਼ਵਾਸ ਹੈ ਕਿ ਅਸੀਂ ਸਿਰਫ਼-ਕੁੜੀਆਂ ਲਈ ਦਾਨੀ-ਸੰਗਠਨ ਹੋਣ ਕਰਕੇ, ਜਿਸਦੀ ਅਗੁਆਈ ਕੁੜੀਆਂ ਅਤੇ ਨੌਜਵਾਨ ਔਰਤਾਂ ਕਰਦੀਆਂ ਹਨ, ਕੁੜੀਆਂ ਅਤੇ ਨੌਜਵਾਨ ਔਰਤਾਂ ਦੀਆਂ ਜ਼ਰੂਰਤਾਂ ਨੂੰ ਸਭ ਤੋਂ ਵਧੀਆ ਤਰੀਕੇ ਨਾਲ ਪੂਰਾ ਕਰਦੇ ਹਾਂ। ਇਹ ਸਾਡੇ ਰੋਇਲ ਚਾਰਟਰ (ਦਸਤਾਵੇਜ਼ ਜੋ ਦੱਸਦਾ ਹੈ ਕਿ ਅਸੀਂ ਕਿਵੇਂ ਕੰਮ ਕਰਦੇ ਹਾਂ) ਦਾ ਹਿੱਸਾ ਹੈ ਅਤੇ ਸਾਡੀ ਖੋਜ ਵਿੱਚ ਦਿਖਾਇਆ ਗਿਆ ਹੈ ਕਿ ਸਾਡੇ ਨੌਜਵਾਨ ਸਦੱਸ ਇਸਦਾ ਸਮਰਥਨ ਕਰਦੇ ਹਨ। ਜਦਕਿ ਸਾਡੀਆਂ ਸਾਰੀਆਂ ਕਰਮਚਾਰੀ ਅਸਾਮੀਆਂ ਹਰ ਵਿਅਕਤੀ ਲਈ ਖੁੱਲ੍ਹੀਆਂ ਹਨ, ਪਰ ਸਿਰਫ਼ ਕੁੜੀਆਂ ਨੌਜਵਾਨ ਸਦੱਸ ਬਣ ਸਕਦੀਆਂ ਹਨ। ਸਾਡੀਆਂ ਕੁਝ ਸਵੈਸੇਵਕ ਅਸਾਮੀਆਂ ਵੀ ਸਿਰਫ਼ ਔਰਤਾਂ ਲਈ ਹੀ ਖੁੱਲ੍ਹੀਆਂ ਹਨ। ਜ਼ਿਆਦਾ ਤੋਂ ਜ਼ਿਆਦਾ ਸਮਾਵੇਸ਼ੀ ਹੋਣ ਵਿੱਚ ਸਾਡੀ ਮਦਦ ਕਰਨ ਲਈ, Girlguiding ਦੀ ਕੁੜੀ ਅਤੇ ਔਰਤ ਦੀ ਪਰਿਭਾਸ਼ਾ ਵਿੱਚ ਉਹ ਸ਼ਾਮਲ ਹਨ ਜੋ ਜਨਮ ਤੋਂ ਔਰਤ ਹੈ (ਭਾਵੇਂ ਉਹਨਾਂ ਦੀ ਪਛਾਣ ਕੁਝ ਵੀ ਹੋਵੇ) ਅਤੇ ਜਿਹਨਾਂ ਦਾ ਲਿੰਗ ਕੁੜੀ ਜਾਂ ਔਰਤ ਦਾ ਹੈ (ਟ੍ਰਾਂਸ ਕੁੜੀਆਂ ਅਤੇ ਟ੍ਰਾਂਸ ਔਰਤਾਂ)।
- **ਸਮਾਜਕ-ਆਰਥਕ ਸਥਿਤੀ ਜਾਂ ਸ਼੍ਰੇਣੀ**। Girlguiding 'ਤੇ ਕਿਸੇ ਨਾਲ ਵੀ ਉਹਨਾਂ ਦੀ ਸਮਾਜਕ-ਆਰਥਕ ਸਥਿਤੀ ਜਾਂ ਸਮਾਜਕ ਸ਼੍ਰੇਣੀ ਕਾਰਨ ਘੱਟ ਹਿੱਤਕਾਰੀ ਢੰਗ ਨਾਲ ਵਿਵਹਾਰ ਨਹੀਂ ਕੀਤਾ ਜਾਣਾ ਚਾਹੀਦਾ। ਸਾਨੂੰ ਇਸ ਦੇ ਆਧਾਰ ਉੱਤੇ Girlguiding ਵਿੱਚ ਭਾਗ ਲੈਣ ਲਈ ਰੁਕਾਵਟਾਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਗਰੀਬੀ ਕੱਟ ਰਹੇ ਸਦੱਸਾਂ ਦਾ ਸਮਰਥਨ ਕਰਨ ਬਾਰੇ ਜ਼ਿਆਦਾ ਜਾਣਕਾਰੀ ਲਓ।

## ਸਿਰਫ਼ ਸਟਾਫ਼ ਲਈ

ਅਸੀਂ ਆਪਣੇ ਸਾਰੇ ਸਟਾਫ਼ ਨੂੰ ਸਾਡੇ ਨਾਲ ਉਹਨਾਂ ਦੇ ਬਿਤਾਏ ਸਾਰੇ ਸਮੇਂ ਦੌਰਾਨ – ਬਰਾਬਰ ਮੌਕੇ ਦੇਣ ਅਤੇ ਭੇਦਭਾਵ ਰੋਕਣ ਲਈ ਵਚਨਬੱਧ ਹਾਂ। ਇਸ ਵਿੱਚ ਭਰਤੀ, ਪਦ-ਉੱਨਤੀ ਨਾਲ ਸਬੰਧਤ ਸਮਾਨ ਮੌਕੇ, ਸਿਖਲਾਈ, ਤਨਖ਼ਾਹ ਅਤੇ ਲਾਭਾਂ ਲਈ ਮੌਕੇ, ਅਨੁਸ਼ਾਸਨ ਅਤੇ ਅਧਿਕਤਾ ਲਈ ਚੋਣ ਸ਼ਾਮਲ ਹੈ।

ਅਸੀਂ ਸਾਰੇ ਸਟਾਫ਼ ਦਾ ਸਮਰਥਨ ਕਰਨਾ ਚਾਹੁੰਦੇ ਹਾਂ ਅਤੇ ਕਿਸੇ ਵੀ ਕਰਮਚਾਰੀ ਦੀ ਉਸਦੀ ਭੂਮਿਕਾ ਵਿੱਚ ਮਦਦ ਕਰਨ ਲਈ ਮੁਨਾਸਿਬ ਸਮਾਯੋਜਨ ਕਰਾਂਗੇ।

ਸਾਡੇ ਸਾਰੇ ਸਟਾਫ਼ ਲਈ ਸਮਾਨਤਾ ਅਤੇ ਵਿਭਿੰਨਤਾ ਸਿਖਲਾਈ ਨੂੰ ਪੂਰਾ ਕਰਨਾ ਲਾਜ਼ਮੀ ਹੈ। ਭਰਤੀ, ਜਾਂ ਹੋਰ ਫੈਸਲੇ ਲੈਣ ਵਿੱਚ ਸ਼ਾਮਲ ਸਟਾਫ਼ ਜਿੱਥੇ ਬਰਾਬਰ ਮੌਕਿਆਂ ਸਬੰਧੀ ਮੁੱਦੇ ਖਰੇ ਹੋਣ ਦੀ ਸੰਭਾਵਨਾ ਹੁੰਦੀ ਹੈ, ਆਪਣੇ ਰੋਲ ਦੇ ਅਨੁਸਾਰ ਤਿਆਰ ਕੀਤੀ ਸਮਾਨਤਾ ਅਤੇ ਵਿਭਿੰਨਤਾ ਸਿਖਲਾਈ ਲੈਂਦਾ ਹੈ।

ਸਟਾਫ਼ ਇਸ ਬਾਰੇ ਜ਼ਿਆਦਾ ਜਾਣਕਾਰੀ ਕਿ ਅਸੀਂ ਆਪਣੀ **ਸਮਾਨਤਾ ਅਤੇ ਵਿਭਿੰਨਤਾ ਕਾਰਜਵਿਧੀ** ਵਿੱਚ ਸਮਾਨ ਮੌਕਿਆਂ ਦਾ ਸਮਰਥਨ ਕਿਵੇਂ ਕਰਦੇ ਹਾਂ, ਕਰਮਚਾਰੀ ਇੰਟ੍ਰਾਨੈਟ ਉੱਤੇ ਜਾਂ ਆਪਣੇ ਪ੍ਰਬੰਧਕ ਤੋਂ ਪ੍ਰਾਪਤ ਕਰ ਸਕਦਾ ਹੈ।

ਬ੍ਰਿਟਿਸ਼ ਓਵਰਸੀਜ਼ ਇਲਾਕਿਆਂ ਦੇ ਸਦੱਸਾਂ ਲਈ ਇਸ ਨੀਤੀ ਨੂੰ ਲਾਗੂ ਕਰਦੇ ਸਮੇਂ ਸਥਾਨਕ ਵਿਧਾਨ ‘ਤੇ ਟਿਕੇ ਰਹਿਣਾ ਲਾਜ਼ਮੀ ਹੈ, ਜਿੱਥੇ ਵੀ ਸਬੰਧਤ ਹੋਵੇ।

## ਸਟਾਫ਼ ਦੇ ਸਦੱਸਾਂ ਲਈ ਸਬੰਧਤ ਦਸਤਾਵੇਜ਼ ਅਤੇ ਜਾਣਕਾਰੀ

ਸਟਾਫ਼ ਉਲ੍ਹਾਮਾ ਕਾਰਜਵਿਧੀ

ਸਟਾਫ਼ ਅਨੁਸ਼ਾਸਨ-ਸਬੰਧੀ ਕਾਰਜਵਿਧੀ

ਸਟਾਫ਼ ਭਰਤੀ ਅਤੇ ਚੋਣ ਨੀਤੀ

Girlguiding ਸਟਾਫ਼ ਲਈ ਸੁਰੱਖਿਆ-ਪ੍ਰਬੰਧ

ਭਲਾਈ ਸੰਸਾਧਨ ਪੈਕ

ਪੱਖਪਾਤ ਦੀ ਸੂਚਨਾ ਦੇਣਾ – Tell Jane

ਕਰਮਚਾਰੀ ਸਹਾਇਤਾ ਪ੍ਰੋਗਰਾਮ